ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ
ਚੌਥੀ ਮੰਜਿਲ, ਐਸ.ਏ.ਐਸ. ਨਗਰ
(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਪ੍ਰਿੰਸੀਪਲ, ਹੈਡ ਮਾਸਟਰ ਅਤੇ ਇੰਚਾਰਜ ਮਿਡਲ ਸਕੂਲ,
ਸਮੂਹ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲ

ਮੀਮੋ ਨੰ. ਈ-10093 ਸੈਸਿ (2)/2025334843
ਮਿਤੀ ਸ.ਅ.ਸ ਨਗਰ : 14-11-2025

ਵਿਸ਼ਾ :- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਵੇਂ ਵਰ੍ਹੇ ਸਬੰਧੀ।

ਹਵਾਲਾ :- ਇਸ ਦਫਤਰ ਦੇ ਪੱਤਰ ਨੰ. ਈ-10093 ਸੈਸਿ (2)/2025325919 ਮਿਤੀ 06-11-2025 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਭੇਜੇ ਗਏ ਸ਼ਡਿਊਲ ਦੀ ਲਗਾਤਾਰਤਾ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ,ਸਿੱਖਿਆਵਾਂ ਅਤੇ ਸ਼ਹਾਦਤ ਨਾਲ ਸਬੰਧਤ ਪਾਠ ਸਮੱਗਰੀ ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਵੇਰੇ ਦੀ ਸਭਾ ਵਿੱਚ ਮਿਤੀ 15-11-2025 ਤੋਂ 20-11-2025 ਤੱਕ ਅਗਲੇ ਪੰਜ ਦਿਨਾਂ (ਸਕੂਲ ਲੱਗਣ ਵਾਲੇ ਦਿਨ) ਦੀ ਸੰਖੇਪ ਵਿਆਖਿਆ ਸਮੱਗਰੀ ਆਪਜੀ ਨੂੰ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਇਸ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ 15 ਪਾਠਾਂ ਦੀ ਸੰਖੇਪ ਵਿਆਖਿਆ ਦੀਆਂ ਆਡੀਓ ਕਲਿਪਾਂ ਦੀ ਲਗਾਤਾਰਤਾ ਵਿੱਚ ਅਗਲੇ ਪੰਜ ਦਿਨਾਂ ਦੀਆਂ ਕਲਿਪਾਂ ਮਿਤੀ 15-11-2025 ਤੋਂ 20-11-2025 ਤੱਕ ਵੀ ਆਪਜੀ ਨੂੰ ਭੇਜੀਆਂ ਜਾ ਰਹੀਆਂ ਹਨ, ਜਿਸ ਨਾਲ ਸਕੂਲ ਅਧਿਆਪਕਾਂ ਨੂੰ ਕਲਿਪਾਂ ਸੁਣਕੇ ਵਿਦਿਆਰਥੀਆਂ ਨੂੰ ਸੁਣਾਉਣ ਵਿੱਚ ਮੱਦਦ ਮਿਲ ਸਕੇ।

14/11/25
ਸੁਪਰਡੰਟ (ਸੈਸਿ)

ਪਿੱਠ ਅੰਕਣ ਨੰ. ਉਕਤ/2025334844 ਮਿਤੀ 14-11-2025

ਉਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਉਕਤ ਕੰਮ ਲਈ ਨਾਮਜ਼ਦ ਕੀਤੇ ਨੋਡਲ ਅਫਸਰ ਰਾਹੀਂ ਉਕਤ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਭੇਜੇ ਗਏ ਸ਼ਡਿਊਲ ਅਨੁਸਾਰ ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਕਾਰਜ ਕਰਨਾ ਯਕੀਨੀ ਬਣਾਇਆ ਜਾਵੇ।

14/11/25
ਸੁਪਰਡੰਟ (ਸੈਸਿ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ ਡ6/2025/4975 ਮਿਤੀ 17/11/2025

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

17/11/25
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
17/11/2025

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਚੈਪਟਰ ਵਾਈਜ਼ ਪਾਠ ਸਮੱਗਰੀ ਭੇਜਣ ਦਾ ਸ਼ਡਿਊਲ

| ਲੜੀ ਨੰ | ਮਿਤੀ | ਸ਼ਡਿਊਲ |
|---|---|---|
| 1. | 10-11-25 | ਪ੍ਰਕਾਸ਼ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ |
| 2. | 11-11-25 | "ਗੁਰੂ ਲਾਧੋ ਰੇ" ਪ੍ਰਗਟ ਹੋਈ ਗੁਰਿਆਈ |
| 3. | 12-11-25 | ਚੱਕ ਨਾਨਕੀ ਅਤੇ ਸ੍ਰੀ ਅਨੰਦਪੁਰ ਸਾਹਿਬ |
| 4. | 13-11-25 | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਯਾਤਰਾਵਾਂ |
| 5. | 14-11-25 | ਆਗਮਨ ਬਾਲ(ਗੁਰੂ) ਗੋਬਿੰਦ ਰਾਇ ਜੀ |
| 6. | 15-11-25 | ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਜੀ |
| 7. | 17-11-25 | ਔਰੰਗਜ਼ੇਬ ਦੇ ਜ਼ੁਲਮ |
| 8. | 18-11-25 | ਕਸ਼ਮੀਰੀ ਪੰਡਤਾਂ ਦਾ ਅਨੰਦਪੁਰ ਆਉਣਾ |
| 9. | 19-11-25 | ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ |
| 10. | 20-11-25 | ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ |
| 11 | 21-11-25 | ਮਾਤਾ ਗੁਜਰੀ ਜੀ: ਮੁੱਢਲਾ ਜੀਵਨ ਅਤੇ ਸ਼ਖ਼ਸੀਅਤ |
| 12. | 22-11-25 | ਮਾਤਾ ਗੁਜਰੀ ਜੀ : 'ਵਿਲੱਖਣ ਸ਼ਖ਼ਸੀਅਤ' |
| 13. | 24-11-25 | ਮਾਤਾ ਗੁਜਰੀ ਜੀ : ਇਕ ਜਾਂਬਾਜ਼ ਮਾਂ |
| 14. | 26-11-25 | ਮਾਤਾ ਗੁਜਰੀ ਜੀ : ਸਰਸਾ ਤੋਂ ਅਰੰਭੇ ਬਿਖੜੇ ਪੈਂਡੇ |
| 15. | 27-11-25 | ਮਾਤਾ ਗੁਜਰੀ ਜੀ : ਸ਼ਹਾਦਤ ਦੇ ਰਾਹ 'ਤੇ |

# ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਜੀ:
# "ਭਟਕਦੇ ਮਨੁੱਖ ਨੂੰ ਸੱਚ ਦੇ ਰਾਹ ਤੋਰਿਆ"

ਧਰਤੀ ਉੱਤੇ ਜਿਸ ਵੇਲੇ ਮੋਹ ਮਾਇਆ ਦੇ ਬੱਦਲ ਛਾਏ ਹੋਏ ਸਨ, ਲੋਕ ਅੰਧਕਾਰ ਦੇ ਜਾਲ ਵਿੱਚ ਫਸੇ ਹੋਏ ਸਨ, ਤੇ ਮਨੁੱਖੀ ਮਨ ਜ਼ੁਲਮ ਕਾਰਨ ਹੀਣਤਾ ਵਿੱਚ ਡੁੱਬ ਰਹੇ ਸਨ, ਉਸ ਵੇਲੇ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਬਾਣੀ ਦੀ ਰਚਨਾ ਕਰਵਾ ਕੇ ਭਟਕਦੇ ਮਨੁੱਖ ਨੂੰ ਸੱਚ ਦੇ ਰਾਹ ਤੋਰਿਆ। ਗੁਰੂ ਜੀ ਨੇ 15 ਰਾਗਾਂ ਵਿੱਚ ਬਾਣੀ ਰਚੀ, ਜਿਸ ਵਿਚ 59 ਸ਼ਬਦ ਅਤੇ 57 ਸਲੋਕ ਹਨ। ਇਹ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ।

ਰਾਗਾਂ ਦੀ ਵਿਭਿੰਨਤਾ ਦੇ ਬਾਵਜੂਦ ਗੁਰੂ ਜੀ ਨੇ ਰਾਗਾਂ ਦੀ ਪ੍ਰਕਿਰਤੀ ਨਾਲ ਭਾਵ ਦਾ ਸੰਬੰਧ ਜੋੜੀ ਰਖਿਆ ਹੈ। ਗੁਰੂ ਕਾਲ ਵਿੱਚ ਸੰਗੀਤ ਹੀ ਸੰਚਾਰ ਦਾ ਪ੍ਰਮੁੱਖ ਸਾਧਨ ਸੀ ਤੇ ਭਾਸ਼ਾ ਦਾ ਕਾਰਜ ਵੀ ਕਰਦਾ ਸੀ। ਗੁਰੂ ਜੀ ਨੇ ਬ੍ਰਜ ਭਾਸ਼ਾ ਅਤੇ ਕੁਝ ਹੱਦ ਤੱਕ ਸਧੁੱਕੜੀ ਭਾਸ਼ਾ ਦੀ ਵਰਤੋਂ ਕਰਕੇ ਪੰਜਾਬੀਆਂ ਦੇ ਭਾਸ਼ਾਈ ਗਿਆਨ ਨੂੰ ਵਿਸਤਾਰ ਦਿੱਤਾ ਹੈ। ਇਸ ਧੁਰ ਕੀ ਬਾਣੀ ਵਿੱਚ 'ਵੈਰਾਗ ਦਾ ਰਸ' ਵੀ ਹੈ ਤੇ 'ਭਗਤੀ ਦੀ ਮਿੱਠਾਸ' ਵੀ ਹੈ। ਇਨ੍ਹਾਂ ਦੋਹਾਂ ਭਾਵਨਾਵਾਂ ਦੀਆਂ ਵੱਖ -ਵੱਖ ਸਥਿਤੀਆਂ ਅਤੇ ਪ੍ਰਕਿਰਤੀਆਂ ਬਾਰੇ ਗੁਰੂ ਜੀ ਨੇ ਪ੍ਰਕਾਸ਼ ਪਾਇਆ ਹੈ। ਇਹ ਬਾਣੀ ਮਨੁੱਖ ਨੂੰ ਸਮਝਾਉਂਦੀ ਹੈ ਕਿ ਸੰਸਾਰਕ ਚੱਕਰ, ਮੋਹ ਅਤੇ ਵਿਕਾਰ ਅਸਥਾਈ ਹਨ; ਸੱਚਾ ਸੁਖ ਸਿਰਫ਼ ਨਾਮ-ਸਿਮਰਨ ਵਿੱਚ ਹੈ।

ਸਮੁੱਚੇ ਤੌਰ 'ਤੇ ਗੁਰੂ ਜੀ ਨੇ ਜਿਥੇ ਆਪਣੀ ਸ਼ਹਾਦਤ ਦੁਆਰਾ ਭਾਰਤੀ ਸੱਭਿਆਚਾਰ ਨੂੰ ਇੱਕ ਨਵੀਂ ਬਿਰਤੀ ਨਾਲ ਜੋੜਿਆ ਹੈ, ਉੱਥੇ ਵੈਰਾਗ ਅਤੇ ਭਗਤੀ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਸੰਸਾਰਕ ਵਿਕਾਰਾਂ ਵਿੱਚ ਉਲਝਣ ਤੋਂ ਵਰਜਿਆ ਹੈ ।

**ਗਉੜੀ ਰਾਗ** ਦੇ ਨੌਂ ਸ਼ਬਦ ਜੋ ਮਨੁੱਖ ਨੂੰ ਕਹਿੰਦੇ ਹਨ—"ਹੇ ਜੀਵ! ਮਾਇਆ ਦੀਆਂ ਵਾਸਨਾਵਾਂ ਛੱਡ, ਤੇ ਪ੍ਰਭੂ ਨਾਲ ਜੁੜ।"
**ਆਸਾ ਰਾਗ** ਦਾ ਇੱਕ ਚਉਪਦਾ ਸਮਝਾਉਂਦਾ ਹੈ ਕਿ ਮਨੁੱਖੀ ਜਨਮ ਕੀਮਤੀ ਹੈ, ਇਸਨੂੰ ਵਿਅਰਥ ਭਟਕਣ ਵਿੱਚ ਨਾ ਗਵਾ।
**ਦੇਵਗੰਧਾਰੀ ਰਾਗ** ਦੇ ਤਿੰਨ ਦੁਪਦੇ, ਨਾਮ-ਸਿਮਰਨ ਦੀ ਮਹਿਮਾ ਗਾਉਂਦੇ ਹਨ—"ਜਿਸ ਨੇ ਵੀ ਹਰੀ ਨਾਮ ਜਪਿਆ, ਉਸਦਾ ਭਵਿੱਖ ਸਵਰਿਆ।"

**ਬਿਹਾਗੜਾ ਰਾਗ** ਦਾ ਤਿਪਦਾ ਕਹਿੰਦਾ ਹੈ ਕਿ ਸੰਸਾਰ ਦੇ ਅਨੇਕ ਰੰਗਾਂ ਪਿੱਛੇ ਇਕੋ ਹੀ ਸੱਚਾ ਪ੍ਰਭੂ ਹੈ।
**ਸੋਰਠਿ ਰਾਗ** ਦੇ ਬਾਰਾਂ ਸ਼ਬਦ ਮੌਤ ਦੇ ਡਰ ਅਤੇ ਮਾਇਆ ਦੀ ਨਾਸਵੰਤਾ ਨੂੰ ਸਪੱਸ਼ਟ ਕੀਤਾ ਹੈ।
**ਰਾਗ ਧਨਾਸਰੀ** ਦੇ ਚਾਰ ਸ਼ਬਦ ਕਹਿੰਦੇ ਹਨ ਕਿ ਪ੍ਰਭੂ ਨੂੰ ਜੰਗਲਾਂ ਵਿੱਚ ਨਹੀਂ, ਸਗੋਂ ਆਪਣੇ ਮਨ ਵਿੱਚ ਲੱਭ।
**ਰਾਗ ਜੈਤਸਰੀ** ਦੇ ਤਿੰਨ ਸ਼ਬਦ ਪ੍ਰਭੂ ਦੀ ਸ਼ਰਣ ਵਿੱਚ ਆਉਣ ਦੀ ਪ੍ਰੇਰਨਾ ਦਿੰਦੇ ਹਨ।
**ਰਾਗ ਟੋਡੀ** ਦਾ ਇੱਕ ਸ਼ਬਦ ਪ੍ਰਭੂ ਤੋਂ ਵਿਛੜੇ ਮਨੁੱਖ ਦੀ ਦਰਦ ਭਰੀ ਅਵਸਥਾ ਦਾ ਚਿਤਰਣ ਕਰਦਾ ਹੈ।
**ਤਿਲੰਗ ਰਾਗ** ਦੇ ਤਿੰਨ ਸ਼ਬਦ ਮਨੁੱਖ ਨੂੰ ਸੁਚੇਤ ਕਰਵਾਉਂਦੇ ਹਨ—"ਲਾਪ੍ਰਵਾਹ ਜੀਵਨ ਨਾ ਜੀਓ, ਪਰਮਾਤਮਾ ਦੇ ਨਾਮ-ਸਿਮਰਨ ਵਿੱਚ ਜੁੜੇ ਰਹੋ।
**ਬਿਲਾਵਲ ਰਾਗ** ਵਿੱਚ ਦੁਪਦੇ ਅਤੇ ਤਿਪਦੇ ਹਨ, ਜਿੱਥੇ ਗੁਰੂ ਜੀ ਪੌਰਾਣਿਕ ਉਦਾਹਰਣਾਂ ਨਾਲ ਦੱਸਦੇ ਹਨ ਕਿ ਪ੍ਰਭੂ ਹੀ ਰੱਖਿਅਕ ਹੈ।
**ਰਾਮਕਲੀ ਰਾਗ** ਦੇ ਤਿੰਨ ਤਿਪਦੇ ਉਸ ਜੁਗਤ ਦੀ ਖੋਜ ਕਰਦੇ ਹਨ ਜਿਸ ਨਾਲ ਪ੍ਰਭੂ ਦੀ ਸ਼ਰਣ ਮਿਲਦੀ ਹੈ।
**ਰਾਗ ਮਾਰੂ** ਦੇ ਤਿੰਨ ਦੁਪਦੇ ਦੱਸਦੇ ਹਨ ਕਿ ਮਨ ਦੀ ਮਰਜ਼ੀ ਤੇ ਚੱਲਣ ਨਾਲ ਜਨਮ ਵਿਅਰਥ ਹੋ ਜਾਂਦਾ ਹੈ।
**ਰਾਗ ਬਸੰਤੁ** ਦੇ ਪੰਜ ਸ਼ਬਦ (ਇਕ ਦੁਪਦਾ ਤੇ ਚਾਰ ਤਿਪਦੇ)—ਮਾਇਆ ਦੀ ਥੋੜ੍ਹੇ ਸਮੇਂ ਦੀ ਖੁਸ਼ੀ ਨੂੰ ਨਿਰਾਧਾਰ ਕਹਿੰਦੇ ਹਨ ਅਤੇ ਨਾਮ ਨਾਲ ਜੁੜਨ ਦਾ ਉਪਦੇਸ਼ ਕਰਦੇ ਹਨ।
**ਸਾਰੰਗ ਰਾਗ** ਦੇ ਚਾਰ ਦੁਪਦੇ ਯਾਦ ਦਿਵਾਉਂਦੇ ਹਨ ਕਿ ਪ੍ਰਭੂ ਤੋਂ ਬਿਨਾਂ ਕੋਈ ਸੱਚਾ ਸਹਾਇਕ ਨਹੀਂ।
**ਰਾਗ ਜੈਜੈਵੰਤੀ** ਦੇ ਚਾਰ ਦੁਪਦੇ (ਜੋ ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਿਲਦੇ ਹਨ)—ਮਾਰਗ ਦਰਸ਼ਨ ਕਰਦੇ ਹਨ ਕਿ ਰਸ-ਭੋਗ ਛੱਡੋ ਅਤੇ ਨਾਮ-ਸਿਮਰਨ ਨਾਲ ਜੁੜੋ।
ਆਖ਼ਰ ਵਿੱਚ ਗੁਰੂ ਜੀ ਦੇ ਰਾਗ ਮੁਕਤ 57 ਸਲੋਕ (ਜੋ ਮੁੰਦਾਵਣੀ ਮਹਲਾ ਪੰਜਵਾਂ ਤੋਂ ਪਹਿਲਾਂ ਦਰਜ ਹਨ)— ਜੀਵਨ ਦੀ ਸੱਚਾਈ, ਵੈਰਾਗ ਅਤੇ ਨਾਮ ਦੀ ਮਹਿਮਾ, ਮਨੁੱਖ ਨੂੰ ਡੂੰਘੇ ਰੂਪ ਵਿੱਚ ਸਿਖਾਉਂਦੇ ਹਨ।
ਗੁਰੂ ਜੀ ਦੀ ਇਹ ਬਾਣੀ ਸਿਰਫ਼ ਰਾਗਾਂ ਦੀ ਰਚਨਾ ਨਹੀਂ, ਸਗੋਂ ਇਕ ਰੂਹਾਨੀ ਜਗਤ ਦਾ ਬਗੀਚਾ ਹੈਜਿਥੇ ਹਰ ਰਾਗ ਇਕ ਖਿੜਦਾ ਫੁੱਲ ਹੈ, ਹਰ ਸ਼ਬਦ ਸੁਗੰਧ ਹੈ। ਇਹ ਸੁਗੰਧ ਮਨੁੱਖ ਨੂੰ ਯਾਦ ਦਿਵਾਉਂਦੀ ਹੈ— ਕਿ ਸੱਚੇ ਸਾਹਿਬ ਦੀ ਸ਼ਰਣ ਵਿੱਚ ਆ ਕੇ, ਮੋਹ-ਮਾਇਆ ਛੱਡ, ਵੈਰਾਗ ਮਈ ਜੀਵਨ ਬਤੀਤ ਕਰ, ਤੇ ਨਾਮ ਰੂਪੀ ਭਗਤੀ ਰਸ ਪੀ, ਫਿਰ ਉਸ ਪ੍ਰਭੂ ਨੂੰ ਪਾ ਕੇ ਸੱਚਾ ਸੁੱਖ ਮਿਲ ਜਾਵੇਗਾ।

(ਉਪਰੋਕਤ ਪਾਠ-ਸਮਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨੌਵੀਂ ਪਾਤਸ਼ਾਹੀ ਦੇ ਜੀਵਨ ਬਿਰਤਾਂਤ ਦੇ ਤਿੰਨੋਂ ਭਾਗਾਂ ਵਿੱਚੋਂ ਲੈ ਕੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰ ਨੰ. 22173 ਮਿਤੀ 29.10.2025।)

# ਔਰੰਗਜ਼ੇਬ ਦੇ ਜ਼ੁਲਮ: "ਹੈ ਹੈ ਹੈ ਸਭ ਜਗ ਭਯੋ"

ਸਮਾਂ ਸੀ ਸਾਲ 1659 ਈਸਵੀ ਦਾ, ਦਿੱਲੀ ਦੇ ਤਖ਼ਤ ਤੇ ਬੈਠਣ ਲਈ ਇਕ ਸ਼ਹਿਜ਼ਾਦਾ, ਹਕੂਮਤ ਦੀ ਲਾਲਸਾ ਵੱਸ ਐਨਾ ਨਿਰਦਈ ਬਣ ਗਿਆ ਕਿ ਉਸ ਨੇ ਆਪਣੇ ਬਾਦਸ਼ਾਹ ਪਿਤਾ ਨੂੰ ਹੀ ਕੈਦ ਕਰ ਲਿਆ ਅਤੇ ਆਪਣੇ ਭਰਾਵਾਂ ਨੂੰ ਮਾਰ ਕੇ ਸਿੰਘਾਸਨ ਹਾਸਲ ਕੀਤਾ। ਇਹ ਸ਼ਹਿਜ਼ਾਦਾ ਸੀ, ਔਰੰਗਜ਼ੇਬ। ਉਸੇ ਦਿਨ ਤੋਂ ਹੀ ਹਿੰਦੋਸਤਾਨ ਨੂੰ ਜ਼ੁਲਮ ਦੇ ਕਾਲੇ ਬੱਦਲਾਂ ਨੇ ਘੇਰ ਲਿਆ।

ਔਰੰਗਜ਼ੇਬ ਦੀ ਸੋਚ ਬੜੀ ਸਪਸ਼ਟ ਸੀ : “ਇੱਕ ਰਾਜ, ਇੱਕ ਧਰਮ।”

ਉਸ ਨੇ ਇਰਾਦਾ ਕਰ ਲਿਆ ਸੀ ਕਿ ਭਾਰਤ ਦੇ ਸਾਰੇ ਗੈਰ-ਮੁਸਲਮਾਨਾਂ ਨੂੰ ਮੁਸਲਮਾਨ ਬਨਾਉਣਾ ਹੈ। ਇਸ ਆਸ਼ੇ ਨਾਲ ਹੁਕਮ ਜਾਰੀ ਹੋਇਆ ਕਿ ਫ਼ੌਜ ਵਿੱਚ ਹੁਣ ਸਿਰਫ਼ ਮੁਸਲਮਾਨ ਹੀ ਰਹਿ ਸਕਣਗੇ। ਗੈਰ-ਮੁਸਲਮਾਨ ਸਿਪਾਹੀ ਜੋ ਆਪਣੀ ਜਾਨ ਦੇ ਕੇ ਵੀ ਹਕੂਮਤ ਦੀ ਸੁਰੱਖਿਆ ਲਈ ਤਾਇਨਾਤ ਸਨ, ਉਹਨਾਂ ਅੱਗੇ ਮੁਸ਼ਕਲ ਚੋਣ ਸੀ; ਧਰਮ ਛੱਡਦੇ ਕਿ ਰੁਜ਼ਗਾਰ! ਹੁਕਮਾਂ ਦੀ ਲੜੀ ਇਥੇ ਰੁਕੀ ਵੀ ਨਹੀਂ ਸੀ। ਜ਼ਿਮੀਦਾਰ, ਨੰਬਰਦਾਰ ਅਤੇ ਸਰਕਾਰੀ ਅਧਿਕਾਰੀ ਸਭਨਾਂ ਲਈ ਮੁਸਲਮਾਨ ਹੋਣਾ ਲਾਜ਼ਮੀ ਕਰ ਦਿੱਤਾ ਗਿਆ। ਇੱਜ਼ਤ ਤੇ ਅਹੁਦੇ ਦੀ ਚਮਕ ਬਚਾਉਣ ਲਈ ਲੋਕਾਂ ਉੱਤੇ ਧਰਮ ਬਦਲਣ ਦਾ ਦਬਾਅ ਬਣਾਇਆ ਗਿਆ।

ਉਸ ਸਮੇਂ ਵਪਾਰ ਮੁੱਖ ਤੌਰ ‘ਤੇ ਹਿੰਦੂਆਂ ਦੇ ਹੱਥਾਂ ਵਿੱਚ ਸੀ। ਔਰੰਗਜ਼ੇਬ ਨੇ ਉਨ੍ਹਾਂ ਉੱਤੇ ਟੈਕਸ ਵਧਾ ਦਿੱਤੇ, ਨਵੇਂ ਟੈਕਸ ਵੀ ਲਾ ਦਿੱਤੇ। ਦੂਜੇ ਪਾਸੇ ਮੁਸਲਮਾਨ ਵਪਾਰੀਆਂ ਦੇ ਟੈਕਸ ਅੱਧੇ ਕਰ ਦਿੱਤੇ ਗਏ ਅਤੇ ਕੁਝ ਸਮੇਂ ਵਿੱਚ ਲਗਭਗ ਖ਼ਤਮ ਵੀ ਕਰ ਦਿੱਤੇ ਗਏ। ਇਸ ਅਨਿਆ ਭਰੀ ਨੀਤੀ ਨੇ ਹਿੰਦੂ ਵਪਾਰੀਆਂ ਨੂੰ ਬਹੁਤ ਦੁਖੀ ਕੀਤਾ।
ਇਨਾਇਤ ਉੱਲਾ ਖਾਨ ਬੂੜੀਆ ਇਲਾਕੇ ਦੀ ਨਾਨਕ ਨਾਮ ਲੇਵਾ ਸਿੱਖਾਂ ਦੀ ਧਰਮਸ਼ਾਲਾ ਨੂੰ ਢਾਹੁਣ ਦਾ ਹਾਲ ਲਿਖਦਾ ਹੈ ਜੋ ਬਾਦਸ਼ਾਹ ਦੇ 1669 ਈਸਵੀ ਦੇ ਹੁਕਮ ਮੁਤਾਬਕ ਹਿੰਦੂਆਂ ਦੇ ਮੰਦਰ ਅਤੇ ਪਾਠਸ਼ਾਲਾ ਢਾਹੁਣ ਬਾਰੇ ਵੀ ਸੀ, ਬੂੜੀਆ ਪਰਗਨਾ ਖ਼ਿਦਰਾਬਾਦ, ਸਰਕਾਰ ਸਰਹਿੰਦ ਦਾ ਹਾਲ ਇਸ ਤਰ੍ਹਾਂ ਲਿਖ ਕੇ ਬਾਦਸ਼ਾਹ ਨੂੰ ਭੇਜਿਆ ਗਿਆ:-

"ਬਾਦਸ਼ਾਹ ਦੇ ਹੁਕਮ ਅਨੁਸਾਰ ਕਾਜ਼ੀ ਨੇ ਬੂੜੀਆ ਦੀ ਧਰਮਸ਼ਾਲਾ ਢਾਹ ਕੇ ਮਸਜਿਦ ਬਣਾ ਦਿੱਤੀ ਅਤੇ ਉੱਥੇ ਦਰਵੇਸ਼ ਸਈਯਦ ਜ਼ਫ਼ਰ ਨਾਮ ਦੇ ਬੰਦੇ ਨੂੰ ਨਮਾਜ਼ ਪੜ੍ਹਨ ਲਈ ਬਤੌਰ ਮਜੌਰ ਨਿਯੁਕਤ ਕਰ ਦਿੱਤਾ। ਨਾਨਕ ਨਾਮ ਲੇਵਾ ਸੰਗਤ ਦੇ ਇੱਕ ਟੋਲੇ ਨੇ ਮਸਜਿਦ 'ਤੇ ਹਮਲਾ ਕਰ ਦਿੱਤਾ ਅਤੇ ਦਰਵੇਸ਼ ਨੂੰ ਮਾਰ ਦਿੱਤਾ। ਜਦੋਂ ਉਸ ਦੇ ਮਾਰਨ ਵਾਲਿਆਂ ਦਾ ਪਤਾ ਕੀਤਾ ਗਿਆ ਤਾਂ ਉਨ੍ਹਾਂ ਨੇ ਮਜੌਰ ਨੂੰ ਮਾਰਨਾ ਕਬੂਲ ਕਰ ਲਿਆ ਅਤੇ ਉਨ੍ਹਾਂ ਦਾ ਕਬੂਲਨਾਮਾ ਬਾਦਸ਼ਾਹ ਨੂੰ ਭੇਜ ਦਿੱਤਾ ਗਿਆ।" ਇਸ ਘਟਨਾ ਨੇ ਸਾਫ਼ ਕਰ ਦਿੱਤਾ ਕਿ ਹੁਣ ਲੋਕ ਚੁੱਪ ਨਹੀਂ ਰਹਿਣਗੇ।

ਗੁਰੂ ਜੀ ਵੱਲੋਂ 1673 ਈਸਵੀ ਵਿੱਚ ਮਾਲਵੇ ਦੀ ਦੂਸਰੀ ਪ੍ਰਚਾਰ ਯਾਤਰਾ ਕੀਤੀ ਜਾ ਰਹੀ ਸੀ ਜਿਸ ਦੌਰਾਨ ਧਾਰਮਿਕ ਜਬਰ-ਜ਼ੁਲਮ ਦੀ ਘਬਰਾਹਟ ਕਰ ਕੇ ਦੂਰੋਂ-ਦੂਰੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੇ ਤੇ ਕਈ ਵਾਰ ਸ਼ਰਧਾਲੂਆਂ ਦੀ ਭੀੜ ਹਜ਼ਾਰਾਂ ਵਿੱਚ ਵੀ ਪੁੱਜ ਜਾਂਦੀ। ਔਰੰਗਜ਼ੇਬ ਦੇ ਖੁਫ਼ੀਆ ਖ਼ਬਰਨਵੀਸ ਬਾਦਸ਼ਾਹ ਤੱਕ ਇਨ੍ਹਾਂ ਲੋਕਾਂ ਦੇ ਮਿਲਣ ਨੂੰ ਔਰੰਗਜ਼ੇਬ ਵਿਰੁੱਧ ਬਗਾਵਤ ਦੀ ਤਿਆਰੀ ਵਜੋਂ ਪੇਸ਼ ਕਰਦੇ ਸਨ ਤੇ ਇਹ ਵੀ ਆਖਦੇ ਸਨ ਕਿ ਹਿੰਦੂ-ਸਿੱਖ ਗੁਰੂ ਸਾਹਿਬ ਨੂੰ 'ਸੱਚਾ ਪਾਤਸ਼ਾਹ' ਆਖ ਕੇ ਮੁਖਾਤਿਬ ਹੁੰਦੇ ਹਨ।
ਔਰੰਗਜ਼ੇਬ ਦੇ ਜਿਵੇਂ-ਜਿਵੇਂ ਜ਼ੁਲਮ ਵਧੇ ਸਨ, ਲੋਕਾਂ ਦੇ ਧੀਰਜ ਦਾ ਬੰਨ੍ਹ ਟੁੱਟਣ ਲੱਗਾ ਸੀ। ਕਿਤੇ ਬਗਾਵਤ ਦੀਆਂ ਲਹਿਰਾਂ ਉੱਠਣ ਲੱਗੀਆਂ, ਕਿਤੇ ਰੋਸ ਦੀਆਂ ਚਿੰਗਾੜੀਆਂ ਅੱਗ ਬਣਨ ਲੱਗੀਆਂ। ਗੈਰ-ਮੁਸਲਮਾਨ ਹੀ ਨਹੀਂ, ਬਹੁਤ ਸਾਰੇ ਸੱਚੇ ਤੇ ਇਨਸਾਫ਼ ਪਸੰਦ ਮੁਸਲਮਾਨ ਅਧਿਕਾਰੀ ਵੀ ਇਹ ਸਭ ਦੇਖ ਕੇ ਦੁਖੀ ਸਨ। ਸਾਰੇ ਮੁਗਲ ਸਾਮਰਾਜ ਵਿੱਚ ਹੱਲਾ-ਗੁੱਲਾ ਮੱਚ ਗਿਆ ਪਰ ਸਭ ਤੋਂ ਵੱਡਾ ਵਿਰੋਧ ਸਿੱਖਾਂ ਵਲੋਂ ਹੋਇਆ। ਉਹ ਹੁਣ ਅਨਿਆਂ ਦੇ ਖ਼ਿਲਾਫ਼ ਅਡਿੱਗ ਖੜ੍ਹੇ ਹੋ ਗਏ ਸਨ। ਇਹ ਉਹੀ ਵਿਰੋਧ ਸੀ ਜਿਸ ਨਾਲ ਮੁਗਲ ਸਾਮਰਾਜ ਦਾ ਪਤਨ ਸ਼ੁਰੂ ਹੋ ਗਿਆ।

ਇਤਿਹਾਸ ਗਵਾਹ ਹੈ—ਜਦੋਂ ਲੋਕ ਇਕੱਠੇ ਹੋ ਕੇ ਸੱਚ ਦੇ ਰਾਹ 'ਤੇ ਖੜ੍ਹਦੇ ਹਨ, ਤਾਂ ਸਭ ਤੋਂ ਵੱਡੀ ਬਾਦਸ਼ਾਹੀ ਵੀ ਡਿੱਗ ਜਾਂਦੀ ਹੈ।

(ਉਪਰੋਕਤ ਪਾਠ-ਸਮਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨੌਂਵੀਂ ਪਾਤਸ਼ਾਹੀ ਦੇ ਜੀਵਨ ਬਿਰਤਾਂਤ ਦੇ ਤਿੰਨੋਂ ਭਾਗਾਂ ਵਿੱਚੋਂ ਲੈ ਕੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰ ਨੰ. 22173 ਮਿਤੀ 29.10.2025।)

# ਕਸ਼ਮੀਰੀ ਪੰਡਤਾਂ ਦਾ ਅਨੰਦਪੁਰ ਆਉਣਾ: "ਬਾਂਹਿ ਜਿਨਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋੜੀਏ"

ਕਸ਼ਮੀਰ ਦੀਆਂ ਸੋਹਣੀਆਂ ਵਾਦੀਆਂ ਵਿੱਚ, ਜਿੱਥੇ ਚਸ਼ਮੇ ਰੂਹਾਨੀ ਧੁਨ ਵਜਾਉਂਦੇ ਸਨ, ਉੱਥੇ ਹੀ ਡਰ ਦੇ ਕਾਲੇ ਬੱਦਲ ਵੀ ਛਾ ਗਏ। ਸਾਲ ਸੀ 1669 ਈਸਵੀ। ਬਾਦਸ਼ਾਹ ਔਰੰਗਜ਼ੇਬ ਨੇ ਕਈ ਗਰੀਬ-ਗੁਰਬੇ ਹਿੰਦੂ ਲੋਕ ਜਬਰੀਂ ਮੁਸਲਮਾਨ ਬਣਾ ਲਏ ਸਨ ਪਰ ਬਾਦਸ਼ਾਹ ਸੰਤੁਸ਼ਟ ਨਹੀਂ ਸੀ। ਉਸ ਨੇ ਫ਼ੈਸਲਾ ਕਰ ਲਿਆ – "ਜੇ ਪੰਡਤ ਮੁਸਲਮਾਨ ਹੋ ਜਾਣ, ਤਾਂ ਸਾਰੇ ਹਿੰਦੂਆਂ ਦਾ ਧਰਮ ਬਦਲਣ ਵਿੱਚ ਦੇਰ ਨਹੀਂ ਲਗੇਗੀ।"
ਕਸ਼ਮੀਰ ਦੇ ਸੂਬੇਦਾਰ (ਗਵਰਨਰ) ਇਫ਼ਤਿਆਰ ਖ਼ਾਨ ਨੂੰ ਹੁਕਮ ਕੀਤਾ ਕਿ ਜਿਵੇਂ ਵੀ ਹੋਵੇ, ਸਭ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾਓ ਕਿਉਂ ਜੋ ਕਸ਼ਮੀਰੀ ਪੰਡਤ ਹੀ ਸਰਵ-ਉੱਚ ਕੋਟੀ ਦੇ ਹਿੰਦੂ ਮੰਨੇ ਜਾਂਦੇ ਸਨ।

ਬਸ ਫਿਰ ਕੀ ਸੀ, ਸੋਹਣੀਆਂ ਵਾਦੀਆਂ ਵਿੱਚ ਖ਼ੂਨ ਵਹਿਣ ਲੱਗਾ, ਕਈ ਹਿੰਦੂ ਡਰ ਕੇ ਧਰਮ ਬਦਲਣ ਲੱਗੇ, ਪਰ ਹਾਲੇ ਵੀ ਕਸ਼ਮੀਰੀ ਪੰਡਤ ਆਪਣੇ ਧਰਮ ਨੂੰ ਛੱਡਣ ਲਈ ਤਿਆਰ ਨਹੀਂ ਸਨ। ਸੂਬੇਦਾਰ (ਗਵਰਨਰ) ਨੇ ਉਨ੍ਹਾਂ ਨੂੰ ਇਕੱਠਾ ਕਰਕੇ ਕਿਹਾ:
"ਬਾਦਸ਼ਾਹ ਦਾ ਹੁਕਮ ਹੈ – ਮੁਸਲਮਾਨ ਬਣੋ, ਨਹੀਂ ਤਾਂ ਮਰਨ ਲਈ ਤਿਆਰ ਰਹੋ। ਕੀ ਫ਼ੈਸਲਾ ਹੈ ਤੁਹਾਡਾ?"
ਪੰਡਤਾਂ ਨੇ ਨਿਮਰਤਾ ਨਾਲ ਬੇਨਤੀ ਕੀਤੀ: "ਸਾਨੂੰ ਛੇ ਮਹੀਨੇ ਦਾ ਸਮਾਂ ਦਿਓ। ਅਸੀਂ ਸੋਚ ਕੇ ਜਵਾਬ ਦੇਵਾਂਗੇ।"
ਇਹ ਛੇ ਮਹੀਨੇ ਕਸ਼ਮੀਰੀ ਪੰਡਤਾਂ ਲਈ ਉਮੀਦ ਦੀ ਇਕ ਲੋਅ ਬਣ ਗਏ। ਉਹ ਸੋਚਣ ਲੱਗੇ: "ਸਾਡਾ ਰਾਖਾ ਕੌਣ ਹੋ ਸਕਦਾ ਹੈ? ਸਾਨੂੰ ਕੌਣ ਇਸ ਅੰਧਕਾਰ ਤੋਂ ਬਚਾ ਸਕਦਾ ਹੈ?" ਇਕ ਆਵਾਜ਼ ਉੱਠੀ: "ਸ੍ਰੀ ਗੁਰੂ ਤੇਗ ਬਹਾਦਰ ਜੀ – ਜੋ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤਿ ਵਜੋਂ ਬਿਰਾਜਮਾਨ ਹਨ। ਉਹ ਜ਼ੁਲਮ ਦੇ ਖ਼ਿਲਾਫ਼ ਖੜ੍ਹ ਸਕਦੇ ਹਨ।"

ਇਸੇ ਵਿਚਾਰ ਨਾਲ, ਇਕ ਵੱਡਾ ਜੱਥਾ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋਇਆ। ਉਨ੍ਹਾਂ ਦੇ ਆਗੂ ਸਨ ਪੰਡਿਤ ਕਿਰਪਾ ਰਾਮ ਜੀ, ਦੱਤ ਬ੍ਰਾਹਮਣ, ਜੋ ਪਹਿਲਗਾਮ ਨੇੜੇ ਮਟਨ ਦੇ ਵਸਨੀਕ ਸੀ ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਗੁਰੂ ਘਰ ਨਾਲ ਜੁੜੇ ਪਰਿਵਾਰ ਦਾ ਹਿੱਸਾ ਸਨ। ਜਦੋਂ ਉਹ ਸ੍ਰੀ ਅਨੰਦਪੁਰ ਪਹੁੰਚੇ, ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਅੱਗੇ ਆਪਣੀ ਦਰਦ ਭਰੀ ਦਾਸਤਾਂ ਰੱਖੀ। ਲੋਕਾਂ ਦੀਆਂ ਅੱਖਾਂ 'ਚ ਹੰਝੂ, ਦਿਲਾਂ 'ਚ ਡਰ, ਪਰ ਹੌਸਲੇ ਦੀ ਇਕ ਉਮੀਦ ਵੀ ਸੀ।

ਗੁਰੂ ਜੀ ਡੂੰਘੀ ਸੋਚ ਵਿੱਚ ਪੈ ਗਏ। ਇੰਨੇ ਵਿੱਚ ਬਾਲ (ਗੁਰੂ) ਗੋਬਿੰਦ ਰਾਇ, ਖੇਡਦੇ ਖੇਡਦੇ ਗੁਰੂ ਪਿਤਾ ਦੀ ਗੋਦੀ ਵਿੱਚ ਆ ਬੈਠੇ। ਆਖਣ ਲੱਗੇ " ਪਿਤਾ ਜੀ, ਤੁਸੀਂ ਇੰਨੇ ਗਹਿਰੇ ਚਿੰਤਨ ਵਿੱਚ ਕਿਉਂ ਹੋ? "

ਗੁਰੂ ਜੀ ਨੇ ਮੰਦਰਾਂ ਦੇ ਢਹਿ ਜਾਣ, ਪੰਡਤਾਂ ਦੇ ਦੁੱਖ ਅਤੇ ਧਰਮ ਦੇ ਖ਼ਤਰੇ ਦੀ ਕਥਾ ਸੁਣਾਈ ਅਤੇ ਕਿਹਾ, "ਇਸ ਸੰਕਟ ਤੋਂ ਮੁਕਤ ਕਰਨ ਲਈ ਇੱਕ ਮਹਾਂਪੁਰਸ਼ ਦੇ ਸਿਰ ਦੀ ਲੋੜ ਹੈ।"
ਬਾਲ ਗੋਬਿੰਦ ਰਾਇ ਬੋਲ ਪਏ, " ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ? "
ਇਹ ਬਚਨ, ਜੋ ਅਣਭੋਲ ਕਹੇ ਜਾਪਦੇ ਸਨ ਪਰ ਇਹ ਸੰਵਾਦ ਪਿਤਾ-ਪੁੱਤਰ ਦਾ ਹੀ ਨਹੀਂ ਸੀ, ਸਗੋਂ ਗੁਰੂ ਤੇ ਭਵਿਖਤ ਗੁਰੂ ਵਿਚਾਲੇ ਸੰਵਾਦ ਸੀ। ਗੁਰੂ ਜੀ ਦੇ ਮਨ ਵਿੱਚ ਅਗੰਮੀ ਦ੍ਰਿੜ੍ਹਤਾ ਆ ਗਈ।
ਉਨ੍ਹਾਂ ਕਸ਼ਮੀਰੀ ਪੰਡਤਾਂ ਵੱਲ ਨਦਰਿ ਕੀਤੀ ਤੇ ਕਹਿਣ ਲੱਗੇ, "ਜਾਓ, ਬਾਦਸ਼ਾਹ ਨੂੰ ਦੱਸ ਦਿਓ — ਜੇ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਣ, ਤਾਂ ਸਾਰੇ ਕਸ਼ਮੀਰੀ ਪੰਡਤ (ਬ੍ਰਾਹਮਣ) ਵੀ ਮੁਸਲਮਾਨ ਬਣ ਜਾਣਗੇ।"
ਇਹ ਜਵਾਬ ਸਿਰਫ਼ ਇਕ ਬੋਲ ਨਹੀਂ ਸੀ, ਇਹ ਸੀ — ਜ਼ੁਲਮ ਦੇ ਖ਼ਿਲਾਫ਼ ਇਕ ਅਡਿੱਗ ਲਲਕਾਰ, ਅਸੂਲਾਂ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਦੀ ਤਿਆਰੀ।

ਗੁਰੂ ਜੀ ਨੇ ਸਮਝਾ ਦਿੱਤਾ ਸੀ ਕਿ ਇਹ ਸਿਰਫ਼ ਕਸ਼ਮੀਰੀ ਪੰਡਤਾਂ ਦਾ ਮਾਮਲਾ ਨਹੀਂ ਸੀ। ਇਹ ਤਾਂ ਸਾਰੇ ਹਿੰਦੋਸਤਾਨ ਦੇ ਧਰਮਾਂ ਅਤੇ ਕੌਮਾਂ ਦੀ ਆਜ਼ਾਦੀ ਦਾ ਸਵਾਲ ਸੀ। ਮਨੁੱਖਤਾ ਦੀ ਸੁਤੰਤਰਤਾ ਦਾ ਮਾਮਲਾ ਸੀ। ਉਹਨਾਂ ਦਾ ਅਸੂਲ ਸਪੱਸ਼ਟ ਸੀ — "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥ (ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ)

ਇਸ ਘਟਨਾ ਤੋਂ ਤਕਰੀਬਨ ਦੋ ਮਹੀਨੇ ਬਾਅਦ ਗੁਰੂ ਜੀ ਨੇ ਸ੍ਰੀ ਗੋਬਿੰਦ ਰਾਇ ਜੀ ਦੀ ਗੁਰਿਆਈ ਦੀ ਰਸਮ ਪੂਰੀ ਕੀਤੀ।

ਇਸ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੇ ਦਰਬਾਰ ਵਿੱਚ ਕੀਤੀ ਗਈ, ਕਸ਼ਮੀਰੀ ਪੰਡਤਾਂ ਦੀ ਪੁਕਾਰ ਲਈ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਦੀ ਹੋਂਦ ਖਾਤਿਰ ਆਪਣੀ ਸ਼ਹਾਦਤ ਦੇਣ ਦਾ ਵੱਡਾ ਫ਼ੈਸਲਾ ਕੀਤਾ ਜਿਸਦੀ ਮਿਸਾਲ ਕੁੱਲ ਆਲਮ ਵਿੱਚ, ਇਸ ਸ੍ਰਿਸ਼ਟੀ ਵਿੱਚ, ਕੋਈ ਹੋਰ ਨਹੀਂ ਮਿਲਦੀ।

(ਉਪਰੋਕਤ ਪਾਠ-ਸਮਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨੌਵੀਂ ਪਾਤਸ਼ਾਹੀ ਦੇ ਜੀਵਨ ਬਿਰਤਾਂਤ ਦੇ ਤਿੰਨੋਂ ਭਾਗਾਂ ਵਿੱਚੋਂ ਲੈ ਕੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰ ਨੰ. 22173 ਮਿਤੀ 29.10.2025।)

# ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ: "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥"

ਹਿੰਦੋਸਤਾਨ ਦੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਖ਼ਬਰ ਪਹੁੰਚੀ — " ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਉਨ੍ਹਾਂ ਦੇ ਧਰਮ ਦੀ ਰੱਖਿਆ ਕਰਨ ਲਈ ਵਾਅਦਾ ਕੀਤਾ ਹੈ।" ਇਹ ਖ਼ਬਰ ਸੁਣ ਕੇ ਬਾਦਸ਼ਾਹ ਹੈਰਾਨ ਸੀ, "ਜੋ ਗੁਰੂ ਨਾ ਜੰਞੂ ਪਾਉਂਦੇ ਹਨ, ਨਾ ਤਿਲਕ ਲਾਉਂਦੇ ਹਨ, ਉਹ ਬ੍ਰਾਹਮਣਾਂ ਲਈ ਕਿਵੇਂ ਖੜ੍ਹੇ ਹੋ ਸਕਦੇ ਹਨ?" ਉਸਦੀ ਨਜ਼ਰ ਵਿੱਚ ਇਹ ਬੁੱਤਪ੍ਰਸਤਾਂ ਨਾਲ ਹਮਦਰਦੀ ਸੀ, ਜਿਸ ਨੂੰ ਉਹ ਕਦੇ ਬਰਦਾਸ਼ਤ ਨਹੀਂ ਕਰ ਸਕਦਾ ਸੀ। ਉਸ ਨੇ ਲਾਹੌਰ ਦੇ ਸੂਬੇਦਾਰ ਨੂੰ ਹੁਕਮ ਜਾਰੀ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਬੇੜੀ ਪਾ ਕੇ ਕੈਦ ਕਰ ਲਿਆ ਜਾਵੇ। ਪੰਜਾਬ ਦੇ ਸੂਬੇਦਾਰ ਨੇ ਸਰਹੰਦ ਦੇ ਫ਼ੌਜਦਾਰ ਦਿਲਾਵਰ ਖਾਨ ਜਿਸ ਦੇ ਅਧੀਨ ਸ੍ਰੀ ਅਨੰਦਪੁਰ ਸਾਹਿਬ ਨਗਰ ਆਉਂਦਾ ਸੀ, ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਕੈਦ ਕਰ ਲਵੇ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨਾਲ ਮਲਕਪੁਰ ਰੰਘੜਾਂ ਪਹੁੰਚੇ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਪਹੁੰਚਾਇਆ ਗਿਆ।

**ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ :**
ਭਾਈ ਦਰਘਾਮੱਲ, ਜੋ ਕਿ ਦੀਵਾਨ ਦੇ ਰੂਪ ਵਿੱਚ ਸੇਵਾ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ਼ ਸ੍ਰੀ ਅਨੰਦਪੁਰ ਸਾਹਿਬ ਵਸਾਉਣ ਵੇਲੇ ਰਹੇ ਸਨ ਅਤੇ ਹੁਣ ਬਿਰਧ ਹੋ ਚੁੱਕੇ ਸਨ, ਦੇ ਭਤੀਜੇ ਭਾਈ ਮਤੀਦਾਸ ਜੀ ਸਪੁੱਤਰ ਧਰਮ ਚੰਦ ਜੀ ਨੂੰ ਗੁਰੂ ਸਾਹਿਬ ਦਾ ਦੀਵਾਨ ਥਾਪ ਦਿੱਤਾ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪੂਰਬ ਦੀ ਯਾਤਰਾ ਵੇਲੇ ਭਾਈ ਮਤੀ ਦਾਸ ਜੀ ਗੁਰੂ ਜੀ ਦੇ ਅੰਗ-ਸੰਗ ਰਹੇ ਅਤੇ ਸੰਨ 1675 ਈਸਵੀ ਵਿੱਚ ਜਦੋਂ ਗੁਰੂ ਸਾਹਿਬ ਨੇ ਸ੍ਰੀ ਗੋਬਿੰਦ ਰਾਏ ਜੀ ਨੂੰ ਗੁਰਿਆਈ ਸੌਂਪੀ ਤਾਂ ਉਸ ਵੇਲੇ ਭਾਈ ਮਤੀ ਦਾਸ ਜੀ ਵੀ ਮੌਜੂਦ ਸਨ। ਭਾਈ ਮਤੀ ਦਾਸ ਜੀ ਕੁਸ਼ਲ ਪ੍ਰਬੰਧਕ ਸਨ ਅਤੇ ਗੁਰੂ ਘਰ ਦੇ ਲੰਗਰ ਆਦਿ ਦਾ ਸਾਰਾ ਪ੍ਰਬੰਧ ਆਪ ਦੇਖਦੇ ਸਨ। ਗੁਰੂ ਘਰ ਦੇ ਪ੍ਰਬੰਧ ਵਿੱਚ ਉਨ੍ਹਾਂ ਦਾ ਸਾਥ ਉਨ੍ਹਾਂ ਦੇ ਭਰਾਤਾ ਭਾਈ ਸਤੀ ਦਾਸ ਜੀ ਵੀ ਦਿੰਦੇ ਸਨ। ਭਾਈ ਮਤੀ ਦਾਸ ਜੀ ਨੂੰ ਦਿੱਲੀ ਵਿੱਚ ਨਵੰਬਰ, 1675 ਈਸਵੀ ਵਿੱਚ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ ਨੂੰ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਗਈ ਜੋ ਉਨ੍ਹਾਂ ਠੁਕਰਾ ਦਿੱਤੀ। ਜਦੋਂ ਸਿਰ 'ਤੇ ਆਰਾ ਚੱਲਿਆ ਤਾਂ ਭਾਈ ਮਤੀ ਦਾਸ ਜੀ ਨੇ 'ਜਪੁ ਜੀ ਸਾਹਿਬ' ਦਾ ਪਾਠ ਸ਼ੁਰੂ ਕਰ ਦਿੱਤਾ। ਜਦੋਂ ਤੱਕ ਸਰੀਰ ਉੱਤੇ ਆਰਾ ਚੱਲਦਾ ਰਿਹਾ ਗੁਰਬਾਣੀ ਦਾ ਪਾਠ ਵੀ ਨਾਲ ਚੱਲਦਾ ਰਿਹਾ।

ਭਾਈ ਮਤੀ ਦਾਸ ਜੀ ਦੇ ਛੋਟੇ ਭਰਾ ਭਾਈ ਸਤੀ ਦਾਸ ਜੀ ਵੀ ਕਈ ਖੂਬੀਆਂ ਦੇ ਮਾਲਕ ਸਨ। ਉਹ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਗੁਰੂ ਸਾਹਿਬ ਜੋ ਸ਼ਬਦ ਉਚਾਰਨ ਕਰਦੇ, ਭਾਈ ਸਾਹਿਬ ਉਨ੍ਹਾਂ ਦਾ ਫ਼ਾਰਸੀ ਵਿੱਚ ਅਨੁਵਾਦ ਕਰੀ ਜਾਂਦੇ। ਜਦੋਂ ਕੋਈ ਮੁਸਲਮਾਨ ਫ਼ਕੀਰ ਗੁਰੂ ਜੀ ਕੋਲ ਆਉਂਦਾ ਤਾਂ ਭਾਈ ਸਤੀ ਦਾਸ ਜੀ ਗੁਰੂ ਸਾਹਿਬ ਜੀ ਦੀ ਰਚਨਾ ਦਾ ਫ਼ਾਰਸੀ ਵਿੱਚ ਅਨੁਵਾਦ ਕਰ ਕੇ ਸਮਝਾ ਦਿੰਦੇ ਸਨ। ਭਾਈ ਸਤੀ ਦਾਸ ਜੀ ਸਦਾ ਆਪਣੇ ਵੱਡੇ ਭਰਾ ਦੇ ਨਾਲ ਰਹਿੰਦੇ ਸਨ। ਜਿੱਥੇ ਜਿੱਥੇ ਗੁਰੂ ਜੀ ਦੀ ਸੇਵਾ ਕਰਨ ਵਾਸਤੇ ਭਾਈ ਮਤੀ ਦਾਸ ਜੀ ਗਏ, ਭਾਈ ਸਤੀ ਦਾਸ ਜੀ ਵੀ ਗੁਰੂ ਜੀ ਦੀ ਸੇਵਾ ਕਰਦੇ ਰਹੇ। ਭਾਈ ਸਤੀ ਦਾਸ ਜੀ ਨੂੰ ਵੀ ਮੁਗ਼ਲ ਹਕੂਮਤ ਵੱਲੋਂ ਰੂੰ ਵਿੱਚ ਲਪੇਟ ਕੇ ਅੱਗ ਲਗਾ ਕੇ ਬਹੁਤ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ ਪ੍ਰੰਤੂ ਸਦਕੇ ਜਾਈਏ ਗੁਰੂ ਜੀ ਦੇ ਇਹਨਾਂ ਸਿੱਖਾਂ ਦੇ ਜਿੰਨਾਂ ਨੇ ਕਸ਼ਟ ਝੱਲੇ, ਸ਼ਹੀਦੀ ਪ੍ਰਾਪਤ ਕੀਤੀ ਪਰ ਜ਼ਾਲਮ ਹਕੂਮਤ ਅੱਗੇ ਝੁਕੇ ਨਹੀ। ਜੇਕਰ ਸਿੱਖੀ ਜੀਵਨ ਦਾ ਆਦਰਸ਼ ਸਤਿਗੁਰੂ ਦੀ ਨਿਰੰਤਰ ਸੇਵਾ ਕਰਨਾ ਅਤੇ ਆਪਣੇ ਇਸ਼ਟ ਲਈ ਜੀਵਨ ਕੁਰਬਾਨ ਕਰਨਾ ਹੈ ਤਾਂ ਹੀ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਨ ਸਿੱਖ ਸਨ, ਜਿਨ੍ਹਾਂ ਨੇ ਸਿੱਖੀ ਸਿਦਕ ਆਖ਼ਰੀ ਦਮ ਤੱਕ ਨਿਭਾਇਆ ਅਤੇ 'ਜੀਵਤ ਸਾਹਿਬੁ ਸੇਵਿਓ ਅਪਨਾ' ਦੇ ਗੁਰਵਾਕ 'ਤੇ ਅਮਲ ਕਰਦੇ ਹੋਏ ਆਪਣਾ ਸਾਰਾ ਜੀਵਨ ਗੁਰੂ ਸਾਹਿਬ ਦੀ ਸੇਵਾ ਵਿਚ ਸਮਰਪਤ ਕਰ ਦਿੱਤਾ ਅਤੇ 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ' ਦੇ ਗੁਰਵਾਕ ਅਨੁਸਾਰ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ ਪ੍ਰੀਤ ਗੁਰ ਚਰਨਾਂ ਵਿੱਚ ਅਖ਼ੀਰ ਤੱਕ ਨਿਭਾਈ।

ਭਾਈ ਦਿਆਲਾ ਜੀ ਵੀ ਗੁਰੂ ਘਰ ਦੇ ਅਨਿੰਨ ਸਿੱਖ ਸਨ। ਗੁਰੂ ਸਾਹਿਬ ਜਦੋਂ ਆਸਾਮ ਗਏ, ਉਦੋਂ ਭਾਈ ਦਿਆਲਾ ਜੀ ਨਾਲ ਸਨ। ਜਦੋਂ ਗੁਰੂ ਸਾਹਿਬ ਨੂੰ ਕੈਦ ਕੀਤਾ ਗਿਆ, ਓਦੋਂ ਵੀ ਉਹ ਨਾਲ ਹੀ ਸਨ। ਉਹਨਾਂ ਨੂੰ ਉਬਲਦੇ ਪਾਣੀ (ਦੇਗ) ਵਿੱਚ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ ਗਈ ਜੋ ਉਨ੍ਹਾਂ ਠੁਕਰਾ ਦਿੱਤੀ। ਉਪਰੰਤ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਇਹ ਸਾਰਾ ਮੰਜ਼ਰ ਗੁਰੂ ਜੀ ਅਤੇ ਦਿੱਲੀ ਨਿਵਾਸੀਆਂ ਨੇ ਵੀ ਵੇਖਿਆ, ਜਿਸ ਨੇ ਇਤਿਹਾਸ ਨੂੰ ਸਦਾ ਲਈ ਬਦਲ ਦਿੱਤਾ।ਸ੍ਰੀ ਗੁਰੂ ਤੇਗ ਬਹਾਦਰ ਜੀ ਦੇ, ਇਹ ਤਿੰਨ ਸਿੱਖ – ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ – ਸ਼ਹੀਦ ਤਾਂ ਹੋਏ, ਪਰ ਡਰੇ ਨਹੀਂ, ਝੁਕੇ ਨਹੀਂ। ਉਨ੍ਹਾਂ ਦੀ ਸ਼ਹੀਦੀ ਨੇ ਸਿੱਖੀ ਦਾ ਇਹ ਸੁਨੇਹਾ ਸਾਰੇ ਜਹਾਨ ਵਿੱਚ ਫੈਲਾ ਦਿੱਤਾ ਕਿ ਅਸਲੀ ਸੇਵਾ ਉਹ ਹੈ ਜੋ ਆਖ਼ਰੀ ਸਾਹ ਤਕ ਨਿਭਾਈ ਜਾਵੇ।

(ਉਪਰੋਕਤ ਪਾਠ-ਸਮਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨੌਵੀਂ ਪਾਤਸ਼ਾਹੀ ਦੇ ਜੀਵਨ ਬਿਰਤਾਂਤ ਦੇ ਤਿੰਨੋਂ ਭਾਗਾਂ ਵਿੱਚੋਂ ਲੈ ਕੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰ ਨੰ. 22173 ਮਿਤੀ 29.10.2025।)

ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਜੀ

# ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ : "ਸੀਸੁ ਦੀਆ ਪਰ ਸਿਰਰੁ ਨ ਦੀਆ"

ਦਿੱਲੀ ਦੇ ਅਸਮਾਨ 'ਤੇ ਹਨੇਰੇ ਦੇ ਬੱਦਲ ਛਾਏ ਹੋਏ ਸਨ। ਬਾਦਸ਼ਾਹ ਔਰੰਗਜ਼ੇਬ ਦੇ ਹੁਕਮ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਕੇ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਦਿੱਤਾ ਗਿਆ। ਸਾਰੀ ਦਿੱਲੀ ਉਨ੍ਹਾਂ ਦੇ ਦਰਸ਼ਨ ਲਈ ਤਰਸ ਰਹੀ ਸੀ, ਪਰ ਸਖ਼ਤ ਨਿਗਰਾਨੀ ਕਾਰਨ ਕੋਈ ਉਨ੍ਹਾਂ ਤੱਕ ਪਹੁੰਚ ਨਹੀਂ ਸੀ ਸਕਦਾ। ਪਿੰਜਰੇ ਦੇ ਅੰਦਰ ਨਾ ਤਾਂ ਠੀਕ ਤਰ੍ਹਾਂ ਬੈਠਿਆ ਜਾ ਸਕਦਾ ਸੀ ਤੇ ਨਾ ਹੀ ਸਿੱਧੇ ਅਰਾਮ ਨਾਲ ਖੜ੍ਹਿਆ ਜਾ ਸਕਦਾ ਸੀ। ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀਆਂ ਸ਼ਹੀਦੀਆਂ ਆਪਣੀਆਂ ਅੱਖਾਂ ਨਾਲ ਵੇਖੀਆਂ—ਪਰ ਉਨ੍ਹਾਂ ਦਾ ਚਿਹਰਾ ਬਿਲਕੁਲ ਅਡੋਲ ਸੀ, ਨਾ ਡਰ, ਨਾ ਖੌਫ ਬਸ ਨੂਰਾਨੀ ਚਮਕ ਸੀ।

ਸ਼ਹੀਦੀ ਦਾ ਸਮਾਂ ਜਿਸ ਦਿਨ ਆਇਆ, ਉਸ ਸਵੇਰ ਗੁਰੂ ਸਾਹਿਬ ਨੂੰ ਪਿੰਜਰੇ ਵਿੱਚੋਂ ਕੱਢਿਆ ਗਿਆ। ਉਨ੍ਹਾਂ ਨੇ ਖੂਹ ਵਿੱਚੋਂ ਪਾਣੀ ਕੱਢ ਕੇ ਇਸ਼ਨਾਨ ਕੀਤਾ, ਨਵੇਂ ਕੱਪੜੇ ਪਾਏ ਅਤੇ ਚੌਕੜੀ ਮਾਰ ਕੇ ਬੈਠ ਗਏ। ਉਨ੍ਹਾਂ ਸ਼ਾਂਤ ਮਨ ਨਾਲ "ਜਪੁ ਜੀ ਸਾਹਿਬ" ਦਾ ਪਾਠ ਕੀਤਾ। ਜਿਸ ਉਪਰੰਤ ਜਲਾਦ ਨੇ ਤਲਵਾਰ ਚਲਾਈ ਤੇ ਗੁਰੂ ਜੀ ਦਾ ਪਾਵਨ ਸੀਸ ਧੜ ਤੋਂ ਅਲੱਗ ਹੋ ਗਿਆ।

ਧਰਮ ਹੇਤ ਸਾਕਾ ਜਿਨਿ ਕੀਆ ।। ਸੀਸੁ ਦੀਆ ਪਰ ਸਿਰਰੁ ਨ ਦੀਆ ।।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਕੋਤਵਾਲੀ ਦੇ ਚਬੂਤਰੇ ਦੇ ਨੇੜੇ ਸ਼ਹੀਦ ਕੀਤਾ ਗਿਆ ਤਾਂ ਉਸ ਵੇਲ਼ੇ ਦਿੱਲੀ ਦੇ ਹਜ਼ਾਰਾਂ ਵਾਸੀ ਸ਼ਾਹੀ ਤਸ਼ੱਦਦ ਦਾ ਇਹ ਮੰਜ਼ਰ ਦੇਖਣ ਲਈ ਉੱਥੇ ਜੁੜੇ ਹੋਏ ਸਨ। ਭੀੜ ਦੇ ਹਜ਼ਾਰਾਂ ਨੇਤਰਾਂ ਸਾਹਮਣੇ ਗੁਰੂ ਜੀ ਦਾ ਪਵਿੱਤਰ ਸੀਸ ਧਰਤੀ 'ਤੇ ਡਿੱਗਿਆ। ਉਸ ਘਟਨਾ ਨੇ ਲੋਕਾਂ ਦੀਆਂ ਰੂਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਵੇਲੇ ਭਾਈ ਜੈਤਾ ਜੀ (ਜੋ ਬਾਅਦ ਵਿੱਚ ਭਾਈ ਜੀਵਨ ਸਿੰਘ ਜੀ ਕਹਾਏ) ਦਲੇਰੀ ਨਾਲ ਅੱਗੇ ਵਧੇ। ਉਹ ਗੁਰੂ ਜੀ ਦਾ ਪਾਵਨ ਸੀਸ ਆਪਣੇ ਚੋਲੇ ਵਿੱਚ ਲਪੇਟ ਕੇ ਦਿੱਲੀ ਦੀਆਂ ਗਲੀਆਂ ਵਿੱਚੋਂ ਲੈ ਗਏ। ਰਾਤ ਦਾ ਹਨੇਰਾ ਸੀ, ਪਰ ਉਸ ਨੌਜਵਾਨ ਸਿੱਖ ਦੇ ਦਿਲ ਵਿੱਚ ਸਿਰਫ਼ ਇਕ ਹੀ ਚਾਨਣ ਸੀ—"ਇਹ ਸੀਸ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਾ ਹੀ ਹੈ। ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਹੀ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋ ਗਏ। ਉਸ ਵੇਲੇ ਸਾਰਾ ਦਿੱਲੀ ਨਗਰ ਗਹਿਰੀ ਰਾਤ ਦੇ ਹਨੇਰੇ ਵਿੱਚ ਸੀ। ਭਾਈ ਜੈਤਾ ਜੀ ਪਹੁ-ਫੁਟਾਲੇ ਤੋਂ ਪਹਿਲਾਂ ਦਿੱਲੀ ਨਗਰ ਦੀਆਂ ਹੱਦਾਂ ਪਾਰ ਕਰ ਗਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਉਣ ਵਿਚਾਲੇ ਭਾਈ ਜੈਤਾ ਜੀ ਨੇ ਜੋ ਰਸਤਾ ਅਖਤਿਆਰ ਕੀਤਾ ਉਸ ਵਿੱਚ ਸੋਨੀਪਤ, ਪਾਣੀਪਤ, ਕਰਨਾਲ, ਤਰਾਵੜੀ, ਅੰਬਾਲਾ, ਬਨੂੜ, ਨਾਭਾ ਸਾਹਿਬ ਤੇ ਸ੍ਰੀ ਕੀਰਤਪੁਰ ਸਾਹਿਬ ਮੁੱਖ ਸਥਾਨ ਆਉਂਦੇ ਹਨ। ਉਨ੍ਹਾਂ ਨੂੰ ਆਪਣਾ ਪੈਂਡਾ ਮੁਕਾਉਣ ਵਿਚ ਪੰਜ ਦਿਨ ਲੱਗੇ।

ਬਾਅਦ ਵਿੱਚ ਪੰਜ ਦਿਨਾਂ ਦੇ ਪੈਂਡੇ ਮਗਰੋਂ ਉਹ ਸ੍ਰੀ ਕੀਰਤਪੁਰ ਸਾਹਿਬ ਪਹੁੰਚੇ। ਫਿਰ ਗੁਰੂ ਜੀ ਦਾ ਸੀਸ ਸ੍ਰੀ ਗੁਰੂ ਗੋਬਿੰਦ ਰਾਏ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਲਿਜਾਇਆ ਗਿਆ ਜਿੱਥੇ ਪਾਵਨ ਸੀਸ ਦਾ ਸਸਕਾਰ ਕੀਤਾ ਗਿਆ,ਉਸ ਅਸਥਾਨ ‘ਤੇ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅੰਨਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ। ਉੱਥੇ ਸ੍ਰੀ ਗੁਰੂ ਗੋਬਿੰਦ ਰਾਏ ਜੀ ਜੋ ਬਾਅਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਣੇ, ਨੇ ਭਾਈ ਜੈਤਾ ਜੀ ਨੂੰ ਆਪਣੇ ਬੁੱਕਲ ਵਿੱਚ ਲੈ ਕੇ ਸ਼ਬਦ ਉਚਾਰੇ— “ਰੰਗਰੇਟਾ ਗੁਰੂ ਕਾ ਬੇਟਾ।”

ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਜੈਤਾ ਜੀ ਦੁਆਰਾ ਗੁਰੂ ਜੀ ਦਾ ਪਾਵਨ ਸੀਸ ਲੈ ਜਾਣ ਉਪਰੰਤ ਗੁਰੂ ਜੀ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਆਪਣੇ ਘਰ ਵਿੱਚ ਰੱਖ ਕੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕੀਤਾ। ਉਸ ਸਥਾਨ ’ਤੇ ਹੁਣ ਗੁਰਦੁਆਰਾ ਰਕਾਬਗੰਜ ਸਾਹਿਬ ਸੁਸ਼ੋਭਿਤ ਹੈ। ਗੁਰੂ ਸਾਹਿਬ ਦਾ ਪਵਿੱਤਰ ਸੀਸ ਜਿੱਥੇ ਕੱਟਿਆ ਗਿਆ, ਉੱਥੇ ਮਸੀਤ ਬਣਾ ਦਿੱਤੀ ਗਈ ਸੀ ਪਰ ਕਈ ਸਾਲਾਂ ਮਗਰੋਂ ਜਦੋਂ ਸਿੱਖਾਂ ਨੇ ਦਿੱਲੀ ਨੂੰ ਜਿੱਤਿਆ ਤਾਂ ਉਸ ਵੇਲੇ ਸ. ਬਘੇਲ ਸਿੰਘ ਨੇ ਮਸੀਤ ਨੂੰ ਢਾਹ ਕੇ ‘ਗੁਰਦੁਆਰਾ ਸੀਸ ਗੰਜ ਸਾਹਿਬ' ਸਥਾਪਿਤ ਕਰਵਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਇਉਂ ਲਿਖਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥
ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸਦਾ ਲਈ ਮਨੁੱਖਤਾ ਦੇ ਇਤਿਹਾਸ ਵਿੱਚ ਚਮਕਦੀ ਰਹੇਗੀ। ਇਹ ਸਾਕਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਸੱਚ ਤੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਵੀ ਨਿਛਾਵਰ ਕਰਨੀ ਪੈਂਦੀ ਹੈ।

(ਉਪਰੋਕਤ ਪਾਠ-ਸਮਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਨੌਂਵੀਂ ਪਾਤਸ਼ਾਹੀ ਦੇ ਜੀਵਨ ਬਿਰਤਾਂਤ ਦੇ ਤਿੰਨੋਂ ਭਾਗਾਂ ਵਿੱਚੋਂ ਲੈ ਕੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੱਤਰ ਨੰ. 22173 ਮਿਤੀ 29.10.2025।)